Your Home Your Safety

# ਉੱਚ-ਮੰਜ਼ਿਲਾ ਜ਼ਿੰਦਗੀ

## ਇਮਾਰਤ ਦੀ ਸੁਰੱਖਿਆ ਬਾਰੇ ਸ਼ਿਕਾਇਤ ਕਰਨ ਦਾ ਤਰੀਕਾ



**ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਤੁਹਾਡੀ ਉੱਚ-ਮੰਜ਼ਿਲਾ ਰਿਹਾਇਸ਼ੀ ਇਮਾਰਤ ਸੁਰੱਖਿਅਤ ਹੈ, ਇੰਗਲੈਂਡ ਵਿੱਚ ਬਿਲਡਿੰਗ ਸੇਫਟੀ ਰੈਗੂਲੇਟਰ (Building Safety Regulator) (BSR) ਵਜੋਂ ਹੈਲਥ ਐਂਡ ਸੇਫਟੀ ਐਗਜ਼ੀਕਿਊਟਿਵ (Health and Safety Executive) (HSE) ਕੋਲ ਕਾਨੂੰਨੀ ਸ਼ਕਤੀਆਂ ਹਨ। ਇਹ ਇਮਾਰਤਾਂ 18 ਮੀਟਰ ਜਾਂ ਸੱਤ ਜਾਂ ਵੱਧ ਮੰਜ਼ਿਲਾਂ ਉੱਚੀਆਂ ਹੁੰਦੀਆਂ ਹਨ, ਅਤੇ ਇਹਨਾਂ ਨੂੰ BSR ਕੋਲ ਰਜਿਸਟਰ ਕਰਨਾ ਲਾਜ਼ਮੀ ਹੈ।**

ਸੁਰੱਖਿਅਤ ਬਣਨ ਲਈ, ਤੁਹਾਡੀ ਇਮਾਰਤ ਢਾਂਚਾਗਤ ਤੌਰ 'ਤੇ ਮਜ਼ਬੂਤ ਅਤੇ ਅੱਗ ਦੇ ਫੈਲਣ ਤੋਂ ਸੁਰੱਖਿਅਤ ਹੋਣੀ ਚਾਹੀਦੀ ਹੈ।

## ਇਮਾਰਤ ਦੀ ਸੁਰੱਖਿਆ ਸੰਬੰਧੀ ਚਿੰਤਾ ਨੂੰ ਉਠਾਉਣਾ

ਤੁਹਾਡੀ ਉੱਚ-ਮੰਜ਼ਲਿਾ ਇਮਾਰਤ ਦੀ ਸੁਰੱਖਿਆ ਲਈ ਜ਼ੰਿਮੇਵਾਰ ਵਿਅਕਤੀ ਜਾਂ ਸੰਸਥਾ ਨੂੰ 'ਪ੍ਰਮੁੱਖ ਜਵਾਬਦੇਹ ਵਿਅਕਤੀ' ('principal accountable person') (PAP) ਜਾਂ 'ਜਵਾਬਦੇਹ ਵਿਅਕਤੀ' ('accountable persons') (APs) ਕਹਿਾ ਜਾਂਦਾ ਹੈ।

ਜੇ ਤੁਹਾਨੂੰ ਇਮਾਰਤ ਦੀ ਸੁਰੱਖਿਆ ਬਾਰੇ ਕੋਈ ਚਿੰਤਾ ਹੈ, ਤਾਂ ਤੁਹਾਨੂੰ ਇਸ ਨੂੰ ਪਹਿਲਾਂ ਆਪਣੇ PAP ਜਾਂ APs ਕੋਲ ਉਠਾਉਣਾ ਚਾਹੀਦਾ ਹੈ। ਇਹ ਕਰਨ ਲਈ ਉਹਨਾਂ ਕੋਲ ਤੁਹਾਡੇ ਲਈ ਇੱਕ ਸਪਸ਼ਟ ਪ੍ਰਕਿਰਿਆ ਹੋਣੀ ਚਾਹੀਦੀ ਹੈ।

**ਤੁਸੀਂ ਆਪਣੇ PAP ਜਾਂ APs ਨਾਲ ਇਸ ਬਾਰੇ ਸੰਪਰਕ ਕਰ ਸਕਦੇ ਹੋ:**

- ਇਮਾਰਤ ਦੀ ਸੁਰੱਖਿਆ ਸੰਬੰਧੀ ਚਿੰਤਾਵਾਂ
- ਤੁਹਾਡੇ ਦੁਆਰਾ ਪਹਿਲਾਂ ਹੀ ਉਠਾਈ ਗਈ ਚਿੰਤਾ ਦਾ ਜਵਾਬ
- ਤੁਹਾਡੀ PAP/AP ਦਾ ਨਿਵਾਸੀ ਸੰਬੰਧ
- ਇਮਾਰਤ ਦਾ ਸੁਰੱਖਿਆ ਪ੍ਰਬੰਧਨ

**PAP/AP ਨੂੰ ਚਿੰਤਾ ਪ੍ਰਾਪਤ ਹੁੰਦੀ ਹੈ:**

- ਰਸੀਦ ਦੀ ਪੁਸ਼ਟੀ ਕਰਦੇ ਹਨ
- ਸੰਬੰਧਿਤ ਚਿੰਤਾ ਵਜੋਂ ਸਵੀਕਾਰ ਕਰਦੇ ਹਨ

**ਜਾਂ**

- ਅਸਵੀਕਾਰ ਕਰਦੇ ਹਨ, ਕਾਰਨ ਦਿੰਦੇ ਹੋਏ

**ਜੇ ਸਵੀਕਾਰ ਕੀਤੀ ਜਾਂਦੀ ਹੈ, ਤਾਂ PAP/AP ਚਿੰਤਾ ਦੀ ਜਾਂਚ ਕਰਦੇ ਹਨ:**

1. ਜਵਾਬ ਲਈ ਅਨੁਮਾਨਤ ਸਮਾਂ ਪ੍ਰਦਾਨ ਕਰਦੇ ਹਨ
2. ਅੱਪਡੇਟ ਪ੍ਰਦਾਨ ਕਰਦੇ ਹਨ (ਜਿੱਥੇ ਲੋੜ ਹੋਵੇ)
3. ਇਹ ਵਿਆਖਿਆ ਕਰਦੇ ਹੋਏ ਜਵਾਬ ਦਿੰਦੇ ਹਨ:
   - ਉਹਨਾਂ ਨੇ ਕੀ ਕੀਤਾ
   - ਮੁੱਦਿਆਂ ਨੂੰ ਹੱਲ ਕਰਨ ਲਈ ਸਮਾਂ-ਸੀਮਾ
   - ਜਵਾਬ ਨੂੰ ਚੁਣੌਤੀ ਕਿਵੇਂ ਦੇਣੀ ਹੈ

## ਜੇ ਤੁਸੀਂ ਹਾਲੇ ਵੀ ਸੰਤੁਸ਼ਟ ਨਹੀਂ ਹੋ

**ਤੁਸੀਂ ਜਵਾਬ ਜਾਂ ਫੈਸਲੇ ਨੂੰ ਚੁਣੌਤੀ ਦੇ ਸਕਦੇ ਹੋ ਜਿੱਥੇ:**

- ਤੁਸੀਂ ਅੰਤਿਮ ਜਵਾਬ ਜਾਂ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ
- ਤੁਹਾਡੇ ਅਣਸੁਲਝੇ ਮੁੱਦੇ ਹਨ

ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀ ਚੁਣੌਤੀ ਲਈ ਆਧਾਰਾਂ ਦਾ ਵੇਰਵਾ ਦਿਓ ਅਤੇ ਸਬੂਤ ਪ੍ਰਦਾਨ ਕਰੋ।

**ਜੇ ਤੁਸੀਂ ਹਾਲੇ ਵੀ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਸ਼ਿਕਾਇਤ ਨੂੰ BSR ਕੋਲ ਉਠਾ ਸਕਦੇ ਹੋ:**

- ਤੁਸੀਂ ਚੁਣੌਤੀ ਤੋਂ ਬਾਅਦ ਅੰਤਿਮ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ
- ਤੁਹਾਡੇ ਅਣਸੁਲਝੇ ਮੁੱਦੇ ਹਨ
- ਤੁਹਾਨੂੰ ਆਪਣੇ PAP ਜਾਂ AP ਤੋਂ ਕੋਈ ਜਵਾਬ ਨਹੀਂ ਮਿਲਿਆ ਹੈ

## ਸਿੱਧਾ BSR ਨੂੰ ਸ਼ਿਕਾਇਤ ਕਦੋਂ ਕਰਨੀ ਹੈ

- ਤੁਹਾਡੀ ਇਮਾਰਤ ਉੱਚ-ਮੰਜ਼ਿਲਾ ਇਮਾਰਤ ਦੇ ਰਜਿਸਟਰ ਵਿੱਚ ਨਹੀਂ ਹੈ
- ਤੁਹਾਡੇ PAP ਜਾਂ AP ਕੋਲ ਚਿੰਤਾਵਾਂ ਉਠਾਉਣ ਲਈ ਕੋਈ ਨੀਤੀ ਜਾਂ ਪ੍ਰਕਿਰਿਆ ਨਹੀਂ ਹੈ
- ਤੁਹਾਨੂੰ ਲੱਗਦਾ ਹੈ ਕਿ ਤੁਸੀਂ ਚਿੰਤਾ ਨੂੰ ਸਿੱਧਾ ਆਪਣੇ PAP ਜਾਂ AP ਕੋਲ ਨਹੀਂ ਉਠਾ ਸਕਦੇ ਹੋ

## BSR ਨਾਲ ਸੰਪਰਕ ਕਰਨਾ

**ਔਨਲਾਈਨ: www.gov.uk/guidance/contact-the-building-safety-regulator**

**ਟੈਲੀਫ਼ੋਨ: 0300 790 6787**

ਖੁੱਲ੍ਹਣ ਦਾ ਸਮਾਂ: ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 5 ਵਜੇ ਤੱਕ; ਅਤੇ ਬੁੱਧਵਾਰ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ। ਬੰਦ ਹੋਣ ਦਾ ਸਮਾਂ: ਸ਼ਨੀਵਾਰ, ਐਤਵਾਰ ਅਤੇ ਬੈਂਕ ਦੀਆਂ ਛੁੱਟੀਆਂ।

## ਹੋਰ ਮਦਦ ਚਾਹੀਦੀ ਹੈ?

ਜੇ ਤੁਹਾਨੂੰ ਆਪਣੀ ਇਮਾਰਤ ਬਾਰੇ ਕੋਈ ਹੋਰ ਚਿੰਤਾਵਾਂ ਹਨ, ਤਾਂ ਸਹੀ ਸੰਪਰਕ ਲੱਭਣ ਲਈ ਸਾਡੀ ਔਨਲਾਈਨ ਗਾਈਡ ਦੀ ਵਰਤੋਂ ਕਰੋ। ਅਸੀਂ ਤੁਹਾਡੇ ਉੱਚ-ਮੰਜ਼ਿਲਾ ਭਾਈਚਾਰੇ ਵਿੱਚ ਸੁਰੱਖਿਅਤ ਰਹਿਣ ਵਿੱਚ ਤੁਹਾਡੀ ਮਦਦ ਕਰਨ ਲਈ ਮੌਜੂਦ ਹਾਂ।

**ਵਧੇਰੇ ਜਾਣਕਾਰੀ ਲਈ, QR ਕੋਡ ਦੀ ਵਰਤੋਂ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ, ਜਾਂ ਔਨਲਾਈਨ 'Your Home, Your Safety' ਖੋਜੋ।**